# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਮਾਨਸਾ

ਪਹਿਲੀ ਮੰਜਿਲ ਕਮਰਾ ਨੰ: 30-ਏ, ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਸਿਵਲ ਸਕੱਤਰੇਤ, ਮਾਨਸਾ

ਫੈਕਸ ਨੰ: 01652-229588, ਈ.ਮੇਲ. **dpormsa@gmail.com**

ਵੱਲ

**ਯਾਦ ਪੱਤਰ-2**

ਪ੍ਰਿੰਸੀਪਲ/ ਮੁੱਖ ਅਧਿਆਪਕ
ਸਰਕਾਰੀ ਸੈਕੰਡਰੀ /ਹਾਈ ਸਕੂਲ
ਜਿਲ੍ਹਾ ਮਾਨਸਾ।

ਪੱਤਰ ਨੰ:- ਰਮਸਅ/ਲੇਖਾ/2018/ 132
ਮਿਤੀ:- 20/04/2018

**ਵਿਸ਼ਾ:-** ਰਮਸਅ ਅਧੀਨ ਸਾਲ 2017-18 ਦੋਰਾਨ ਜਾਰੀ ਗ੍ਰਾਂਟਾ ਦਾ ਵਰਤੋ ਸਰਟੀਫਿਕੇਟ ਭੇਜਣ ਬਾਰੇ।

**ਹਵਾਲਾ:-** ਇਸ ਦਫਤਰ ਦਾ ਪੱਤਰ ਨੰ:ਰਮਸਅ/2018/113 ਮਿਤੀ 06.04.2018

ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਰਾਹੀਂ ਸਮੂਹ ਸਰਕਾਰੀ ਸੈਕੰਡਰੀ/ਹਾਈ ਸਕੂਲ ਮੁੱਖੀਆਂ ਨੂੰ ਰਮਸਅ ਅਧੀਨ ਸਾਲ 2017-18 ਦੋਰਾਨ ਜਾਰੀ ਗ੍ਰਾਂਟਾ ਦਾ ਵਰਤੋ ਸਰਟੀਫਿਕੇਟ ਮਿਤੀ : 12-01-2018 ਤੱਕ ਭੇਜਣ ਦੀ ਹਦਾਇਤ ਕੀਤੀ ਗਈ ਸੀ।ਪਰ ਕੁਝ ਸਕੂਲਾਂ ਵੱਲੋਂ ਇਹ ਡਾਕ ਨਹੀਂ ਭੇਜੀ ਗਈ।ਇਸ ਲਈ ਸਕੂਲਾਂ ਨੂੰ ਕਲੱਸਟਰ ਸਕੂਲਾਂ ਦੇ ਰਾਹੀ ਸੁਨੇਹਾ ਵੀ ਲਾਇਆ ਗਿਆ, ਸਕੂਲਾਂ ਨੂੰ ਨਿੱਜੀ ਤੋਰ ਤੇ ਫੋਨ ਤੇ ਸੂਚਨਾ ਭੇਜਣ ਲਈ ਕਿਹਾ ਗਿਆ।ਇਸ ਸਬੰਧ ਵਿੱਚ ਕੱਲ ਮਿਤੀ 19/04/2018 ਨੂੰ ਇਸ ਦਫਤਰ ਵੱਲੋਂ ਯਾਦ ਪੱਤਰ ਨੰ: ਰਮਸਅ/2018/131 ਰਾਹੀ ਡਾਕ ਭੇਜਣ ਲਈ ਕਿਹਾ ਗਿਆ।ਇਸ ਦੇ ਬਾਵਜੂਦ ਵੀ ਅੱਜ ਮਿਤੀ 20/04/2018 ਤੱਕ ਵੀ ਕੁਝ ਸਕੂਲਾਂ ਵੱਲੋਂ ਇਹ ਡਾਕ ਨਹੀਂ ਭੇਜੀ ਗਈ।ਸੋ ਮੁੜ ਤੋਂ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਹਵਾਲਾ ਪੱਤਰ ਰਾਹੀ ਹੇਠ ਲਿਖੇ ਵੇਰਵੇ ਅਨੁਸਾਰ ਡਾਕ ਮੰਗੀ ਗਈ ਸੀ:

1. Performa in Excel sheet
2. ਕੈਸ਼ ਬੁੱਕ ਅਤੇ ਪਾਸ ਬੁੱਕ ਦੇ 01/04/2017 ਵਾਲੇ ਪੇਜ਼ ਦੀ ਕਾਪੀ
3. ਕੈਸ਼ ਬੁੱਕ ਅਤੇ ਪਾਸ ਬੁੱਕ ਦੇ 31/03/2018 ਵਾਲੇ ਪੇਜ਼ ਦੀ ਕਾਪੀ
4. ਪਾਸ ਬੁੱਕ ਦੇ ਪਹਿਲੇ ਪੇਜ਼ ਦੀ ਕਾਪੀ ਜਿਸ ਤੇ ਅਕਾਊਂਟ ਨੰਬਰ ਲਿਖਿਆ ਹੁੰਦਾ ਹੈ।
5. ਸਾਲ ਦੋਰਾਨ ਵਰਤੀਆਂ ਗਈਆਂ ਗ੍ਰਾਂਟਾ ਦੇ ਵੱਖਰੇ-ਵੱਖਰੇ ਵਰਤੋ ਸਰਟੀਫਿਕੇਟ।

ਹੇਠ ਲਿਖੇ ਸਕੂਲਾਂ ਵੱਲੋਂ ਡਾਕ ਨਹੀਂ ਭੇਜੀ ਗਈ:

ਸਹਸ ਭਾਵਾ,ਸਹਸ ਧਲੇਵਾ, ਸਹਸ ਹੀਰੇਕਲਾਂ, ਸਹਸ ਕਾਹਨੇਵਾਲਾ,ਸਹਸ ਕੋਟ ਧਰਮੂ, ਸਹਸ ਲਾਲਿਆਂਵਾਲੀ, ਸਹਸ ਮੱਤੀ, ਸਹਸ ਮੋਫਰ, ਸਸਸਸ ਬਖਸ਼ੀਵਾਲਾ, ਸਸਸਸ ਰੱਲੀ, ਸਸਸਸ ਸੱਦਾਸਿੰਘਵਾਲਾ।

ਉਕਤ ਸਕੂਲ ਮੁੱਖੀਆਂ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 23/04/2018 ਤੱਕ ਇਹ ਡਾਕ ਦਸਤੀ ਇਸ ਦਫਤਰ ਦੇ ਕਮਰਾ ਨੰ: 30/A ਵਿਖੇ ਭੇਜਣੀ ਯਕੀਨੀ ਬਣਾਈ ਜਾਵੇ।ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਤਾਂ ਜ਼ੋ ਸਮੇਂ ਸਿਰ ਡਾਕ ਮੁੱਖ ਦਫਤਰ ਨੂੰ ਭੇਜੀ ਜਾ ਸਕੇ।ਕੁੱਝ ਸਕੂਲਾਂ ਵੱਲੋਂ ਅਧੂਰੀ ਡਾਕ ਭੇਜੀ ਗਈ ਹੈ ਉਹਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਪੈਂਡਿੰਗ ਡਾਕੂਮੈਂਟ ਦਸਤੀ ਇਸ ਦਫਤਰ ਵਿਖੇ ਜਮ੍ਹਾ ਕਰਵਾਉਣ।ਹੁਕਮਾਂ ਦੀ ਇੰਨ ਬਿੰਨ ਪਾਲਨਾ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)
ਮਾਨਸਾ।

ਪਿੱਠ ਅੰਕਣ ਨੰ ਅਤੇ ਮਿਤੀ ਉਕਤ

ਉਪਰੋਕਤ ਪੱਤਰ ਦਾ ਉਤਾਰਾ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਰਮਸਅ,ਮੋਹਾਲੀ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)
ਮਾਨਸਾ।